ਦਫਤਰ, ਜਿਲ੍ਹਾ ਲੋਕ ਸੰਪਰਕ ਅਫਸਰ ,ਕਪੂਰਥਲਾ

ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਵੱਖ-ਵੱਖ ਕੰਟਰੋਲ ਰੂਮ ਸਥਾਪਿਤ

ਟੋਲ ਫ੍ਰੀ ਨੰਬਰ 1950 ’ਤੇ ਵੀ ਸੰਪਰਕ ਕਰ ਸਕਣਗੇ ਲੋਕ

ਜਿਲ੍ਹਾ ਪੱਧਰ ਤੋਂ ਇਲਾਵਾ ਵਿਧਾਨ ਸਭਾ ਹਲਕਿਆਂ ਲਈ ਵੱਖਰੇ ਕੰਟਰੋਲ ਰੂਮ ਬਣਾਏ

ਕਪੂਰਥਲਾ, 8 ਜਨਵਰੀ

ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਕਪੂਰਥਲਾ ਜਿਲ੍ਹੇ ਅੰਦਰ ਜਿਲ੍ਹਾ ਤੇ ਵਿਧਾਨ ਸਭਾ ਹਲਕਾ ਪੱਧਰ ’ਤੇ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ।

ਜਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਸ੍ਰੀਮਤੀ ਦੀਪਤੀ ਉੱਪਲ ਨੇ ਦੱਸਿਆ ਕਿ ਕੰਟਰੋਲ ਰੂਮ ਨੰਬਰ ਉੱਪਰ ਲੋਕ ਆਦਰਸ਼ ਚੋਣ ਜਾਬਤੇ ਦੀ ਉਲੰਘਣਾ ਜਾਂ ਚੋਣਾਂ ਸਬੰਧੀ ਕਿਸੇ ਸ਼ਿਕਾਇਤ , ਵੋਟਰ ਸੂਚੀ, ਸ਼ਨਾਖਤੀ ਕਾਰਡ, ਬੀ. ਐਲ.ਓ ਆਦਿ ਬਾਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹਨ।

ਜਿਲ੍ਹਾ ਪੱਧਰ ’ਤੇ ਕੰਟਰੋਲ ਰੂਮ ਨੰਬਰ ਕਮਰਾ ਨੰਬਰ 319, ਤੀਸਰੀ ਮੰਜਿਲ, ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ 01822-292001 ਹੈ। ਇਸ ਤੋਂ ਇਲਾਵਾ ਟੋਲ ਫ੍ਰੀ ਨੰਬਰ 1950 ’ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਕੰਟੋਰਲ ਰੂਮਾਂ ਲਈ ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਗੀਤਾ ਬਿਸ਼ੰਭੂ ਨੂੰ ਨੋਡਲ ਅਫਸਰ ਵਜੋਂ ਤਾਇਨਾਤ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ ਭੁਲੱਥ ਲਈ ਐਸ.ਡੀ.ਐਮ. ਦਫਤਰ ਭੁਲੱਥ , ਕੋਰਟ ਰੂਮ ਵਿਖੇ ਨੰਬਰ 01822-244202 ਹੈ ਅਤੇ ਇਸਦੇ ਇੰਚਾਰਜ ਅਸ਼ਵਨੀ ਰਾਈ ਸੁਪਰਡੈਂਟ ਹਨ।

ਕਪੂਰਥਲਾ ਹਲਕੇ ਲਈ ਐਸ.ਡੀ.ਐਮ. ਦਫਤਰ ਕਪੂਰਥਲਾ ਵਿਖੇ 01822-292020 ਕੰਟਰੋਲ ਨੰਬਰ ਹੈ, ਜਿਸਦੇ ਇੰਚਾਰਜ ਸੰਦੀਪ ਅਰੋੜਾ ਹਨ।

ਸੁਲਤਾਨਪੁਰ ਲੋਧੀ ਹਲਕੇ ਲਈ ਐਸ.ਡੀ.ਐਮ. ਦਫਤਰ ਵਿਖੇ 01828-222525 ਕੰਟਰੋਲ ਨੰਬਰ ਹੈ, ਜਿਸਦੇ ਇੰਚਾਰਜ ਰਾਜੀਵ ਹਨ।

ਇਸੇ ਤਰ੍ਹਾਂ ਫਗਵਾੜਾ ਰਾਖਵੇਂ ਹਲਕੇ ਲਈ ਐਸ.ਡੀ.ਐਮ. ਦਫਤਰ ਫਗਵਾੜਾ ਵਿਖੇ 01824-260201 ਕੰਟਰੋਲ ਨੰਬਰ ਹੈ, ਜਿਸਦੇ ਇੰਚਾਰਜ ਹਰਿੰਦਰ ਕੌਰ ਹਨ।